# ਪ੍ਰਾਸਪੈਕਟਸ

## ਸੀਨੀਅਰ ਸੈਕੰਡਰੀ (ਬਾਰ੍ਹਵੀਂ) ਪਰੀਖਿਆ

### ਅਨੁਪੂਰਕ ਪ੍ਰੀਖਿਆ–2023

ਕੰਪਾਰਟਮੈਂਟ(ਰੈਗੂਲਰ)/ਰੀ-ਅਪੀਅਰ (ਓਪਨ ਸਕੂਲ)/

**ਵਾਧੂ ਵਿਸ਼ੇ ਦੀ ਪਰੀਖਿਆ ਸਬੰਧੀ**

# ਪੰਜਾਬ ਸਕੂਲ ਸਿੱਖਿਆ ਬੋਰਡ

## ਸਾਹਿਬਜਾਦਾ ਅਜੀਤ ਸਿੰਘ ਨਗਰ

(ਪੰਜਾਬ)

**ਬਾਰ੍ਹਵੀਂ ਪਰੀਖਿਆ ਅਗਸਤ-2023 ਕੰਪਾਰਟਮੈਂਟ/ਰੀ-ਅਪੀਅਰ/ਵਾਧੂ ਵਿਸ਼ੇ ਵਾਲੇ ਉਮੀਦਵਾਰਾਂ ਲਈ ਪ੍ਰੀਖਿਆ ਫਾਰਮ ਭਰਨ ਸਬੰਧੀ ਜਰੂਰੀ ਸੂਚਨਾਵਾਂ/ਹਦਾਇਤਾਂ**

1.1 ਪ੍ਰੀਖਿਆ ਫਾਰਮ ਭਰਨ ਤੋਂ ਪਹਿਲਾਂ ਪਰੀਖਿਆ ਸਬੰਧੀ ਨਿਯਮ/ਵਿਨਿਯਮ/ਪਾਠ-ਕ੍ਰਮ ਨੂੰ ਚੰਗੀ ਤਰ੍ਹਾਂ ਪੜ੍ਹ ਲਿਆ ਜਾਵੇ।

1.2 ਉਮੀਦਵਾਰ ਵੱਲੋਂ ਪ੍ਰੀਖਿਆ ਫਾਰਮ ਅਤੇ ਫੀਸ ਜਮ੍ਹਾਂ ਕਰਾਉਣ ਨਾਲ ਪਰੀਖਿਆ ਦੇਣ ਦਾ ਅਧਿਕਾਰ ਨਹੀਂ ਬਣ ਜਾਂਦਾ। ਪ੍ਰੀਖਿਆ ਉਹੀ ਉਮੀਦਵਾਰ ਦੇ ਸਕਦਾ ਹੈ ਜੋ ਨਿਯਮਾਂ ਅਨੁਸਾਰ ਯੋਗਤਾਵਾਂ ਪੂਰੀਆਂ ਕਰਦਾ ਹੋਵੇ।

1.3 ਅਕੈਡਮੀ ਰਾਹੀਂ ਜਾਂ ਅਕੈਡਮੀ ਦੇ ਪਤੇ ਵਾਲਾ ਕੋਈ ਵੀ ਪ੍ਰੀਖਿਆ ਫਾਰਮ ਨਹੀਂ ਲਿਆ ਜਾਵੇਗਾ। ਅਜਿਹਾ ਕਰਨ ਤੇ ਪਰੀਖਿਆ ਫਾਰਮ ਰੱਦ ਕਰ ਦਿੱਤਾ ਜਾਵੇਗਾ।

1.4 ਗਲਤ ਬਿਆਨੀ/ਗਲਤ ਪਤਾ/ਅਧੂਰੇ ਵੇਰਵੇ ਅਤੇ ਯੋਗ ਤਸਦੀਕ ਨਾ ਹੋਣ ਕਾਰਨ/ਫੀਸ ਘੱਟ ਪ੍ਰਾਪਤ ਹੋਣ ਕਾਰਨ ਜਾਂ ਫਾਰਮ ਵਿੱਚ ਕੋਈ ਹੋਰ ਤਰੁੱਟੀ ਹੋਣ ਕਾਰਨ ਉਮੀਦਵਾਰ ਦਾ ਉਮੀਦਵਾਰੀ ਹੱਕ ਰੱਦ ਕਰ ਦਿੱਤਾ ਜਾਵੇਗਾ।

1.5 ਰੋਲ ਨੰਬਰ ਕੇਵਲ ਬੋਰਡ ਦੀ ਵੈਬਸਾਈਟ ਤੇ ਹੀ ਉਪਲੱਬਧ ਹੋਣਗੇ ਅਤੇ ਡਾਕ ਰਾਹੀਂ ਕੋਈ ਰੋਲ ਨੰਬਰ ਨਹੀਂ ਭੇਜਿਆ ਜਾਵੇਗਾ। ਪ੍ਰੀਖਿਆ ਸ਼ੁਰੂ ਹੋਣ ਤੋਂ ਇੱਕ ਹਫਤਾ ਪਹਿਲਾਂ ਰੋਲ ਨੰਬਰ ਨਾ ਮਿਲਣ ਦੀ ਸੂਰਤ ਵਿੱਚ ਉਮੀਦਵਾਰ ਵੱਲੋਂ ਸਬੂਤਾਂ (ਪ੍ਰੀਖਿਆ ਫਾਰਮ/ਫੀਸ ਦੀ ਰਸੀਦ/ਯੋਗਤਾ ਸਬੰਧੀ ਸਰਟੀਫਿਕੇਟ ਅਤੇ ਫੋਟੋ ) ਸਮੇਤ ਰੋਲ ਨੰਬਰ ਪ੍ਰਾਪਤ ਕਰਨ ਲਈ ਬੋਰਡ ਦਫਤਰ ਨਾਲ ਸੰਪਰਕ ਕੀਤਾ ਜਾਵੇ।

1.6 ਕੇਵਲ ਨੇਤਰਹੀਣ ਅਤੇ ਲਿਖਣ ਤੋਂ ਨਕਾਰਾ ਹੋਏ ਉਮੀਦਵਾਰਾਂ ਲਈ ਲਿਖਾਰੀ ਲੈਣ ਦੀ ਆਗਿਆ ਹੋਵੇਗੀ। ਅਜਿਹੇ ਉਮੀਦਵਾਰ ਲਿਖਾਰੀ ਲੈਣ ਲਈ ਬਿਨੈ ਪੱਤਰ ਸਾਦੇ ਕਾਗਜ਼ ਤੇ ਲਿਖਾਰੀ ਦੀ ਤਸਦੀਕਸ਼ੁਦਾ ਫੋਟੋ ਹਸਤਾਖਰਾਂ ਸਮੇਤ ਸਬੰਧਤ ਜਿਲ੍ਹੇ ਦੇ ਮੁੱਖ ਮੈਡੀਕਲ ਅਫਸਰ ਕੋਲੋਂ ਡਾਕਟਰੀ ਸਰਟੀਫਿਕੇਟ ਪ੍ਰਾਪਤ ਕਰ ਕੇ ਆਪਣੇ ਪ੍ਰੀਖਿਆ ਫਾਰਮ ਦੇ ਨਾਲ ਭੇਜਣ।

1.7 ਝਗੜੇ ਦੀ ਸੂਰਤ ਵਿੱਚ ਕਾਨੂੰਨੀ ਕਾਰਵਾਈ ਕੇਵਲ ਸਾਹਿਬਜਾਦਾ ਅਜੀਤ ਸਿੰਘ ਨਗਰ ਸਥਿਤ ਅਦਾਲਤ ਵਿੱਚ ਹੀ ਕੀਤੀ ਜਾਵੇਗੀ।

1.8 ਪ੍ਰੀਖਿਆ ਸ਼ੁਰੂ ਹੋਣ ਤੋਂ ਇੱਕ ਹਫਤਾ ਪਹਿਲਾਂ ਰੋਲ ਨੰਬਰ ਨਾ ਮਿਲਣ ਦੀ ਸੂਰਤ ਵਿੱਚ ਉਮੀਦਵਾਰ ਵੱਲੋਂ ਪ੍ਰੀਖਿਆ ਫਾਰਮ / ਬੈਂਕ ਚਲਾਨ ਦੀ ਕਾਪੀ/ਯੋਗਤਾ ਸਬੰਧੀ ਸਰਟੀਫਿਕੇਟ ਅਤੇ ਫੋਟੋ ਸਮੇਤ ਮੁੱਖ ਦਫਤਰ ਵਿਖੇ ਸੰਪਰਕ ਕੀਤਾ ਜਾਵੇ ।

1.9 ਵਾਧੂ ਵਿਸ਼ੇ ਵਾਲੇ ਪਰੀਖਿਆਰਥੀ ਜੇਕਰ ਪ੍ਰਯੋਗੀ ਵਿਸ਼ੇ ਵਾਲੀ ਪ੍ਰੀਖਿਆ ਦਿੰਦਾ ਹੈ, ਤਾਂ ਉਸ ਲਈ ਲਿਖਤੀ ਅਤੇ ਪ੍ਰਯੋਗੀ ਦੋਵੇਂ ਪ੍ਰੀਖਿਆਵਾਂ ਵਿੱਚ ਅਪੀਅਰ ਹੋਣਾ ਲਾ ਮੀ ਹੈ ।

1.10 ਜੇਕਰ ਪਰੀਖਿਆਰਥੀ ਨੂੰ ਸਰਟੀਫਿਕੇਟ ਦੀ ਹਾਰਡ ਕਾਪੀ ਲੈਣਾ ਚਾਹੁੰਦਾ ਹੈ ,ਤਾਂ ਪ੍ਰੀਖਿਆ ਫਾਰਮ ਭਰਦੇ ਸਮੇਂ ਸਬੰਧਤ ਹਾਰਡ ਕਾਪੀ ਵਾਲੇ ਕਾਲਮ ਵਿੱਚ ਕਲਿੱਕ ਕੀਤਾ ਜਾਵੇ ।

2. ਵਾਧੂ ਵਿਸ਼ੇ ਵਾਲੇ ਪ੍ਰੀਖਿਆਰਥੀ ਜੇਕਰ ਪ੍ਰਯੋਗੀ ਵਿਸ਼ੇ ਵਾਲੀ ਪ੍ਰੀਖਿਆ ਦਿੰਦਾ ਹੈ ਤਾਂ ਉਸ ਲਈ ਲਿਖਤੀ ਅਤੇ ਪ੍ਰਯੋਗੀ ਦੋਵੇ ਪ੍ਰੀਖਿਆਵਾਂ ਵਿੱਚ ਅਪੀਅਰ ਹੋਣਾ ਲਾਜਮੀ ਹੈ। ਪ੍ਰਯੋਗੀ ਵਿਸ਼ੇ ਵਾਲੀ ਪ੍ਰੀਖਿਆ ਦੇਣ ਲਈ ਸਕੂਲ ਵਿੱਚ 75% ਹਾਜਰੀਆ ਜਰੂਰੀ ਹਨ।

3. ਪਾਸ ਫਾਰਮੂਲਾ :-

ਉਮੀਦਵਾਰ ਨੂੰ ਪਾਸ ਹੋਣ ਲਈ ਸਾਰੇ ਵਿਸ਼ਿਆਂ ਵਿੱਚ ਪਾਸ ਹੋਣਾ ਜਰੂਰੀ ਹੈ।

ਕੰਪਾਰਟਮੈਂਟ/ਰੀ-ਅਪੀਅਰ/ਵਾਧੂ ਵਿਸ਼ੇ ਵਿੱਚ ਪਾਸ ਹੋਣ ਲਈ ਘੱਟੋ-ਘੱਟ 33 ਪ੍ਰਤੀਸ਼ਤ ਅੰਕ ਪ੍ਰਾਪਤ ਕਰਨੇ ਜਰੂਰੀ ਹਨ ਹੋਰ ਅਜਿਹੇ ਵਿਸ਼ੇ ਜਿਸ ਦੀ ਪ੍ਰਯੋਗੀ ਪ੍ਰੀਖਿਆ ਹੋਣੀ ਹੈ ਨੂੰ ਲਿਖਤੀ ਅਤੇ ਪ੍ਰਯੋਗੀ ਪ੍ਰੀਖਿਆ ਵਿੱਚ ਘੱਟੋ-ਘੱਟ ਵੱਖਰੇ ਤੌਰ ਤੇ 33 ਪ੍ਰਤੀਸ਼ਤ ਅੰਕ ਅਤੇ ਕੁੱਲ ਮਿਲਾ ਕੇ 33 ਪ੍ਰਤੀਸ਼ਤ ਅੰਕ ਪ੍ਰਾਪਤ ਕਰਨੇ ਜਰੂਰੀ ਹਨ ।

4. **ਪ੍ਰੀਖਿਆ ਫਾਰਮ ਤਸਦੀਕ ਕਰਨ ਵਾਲੇ ਸਮਰੱਥ ਅਧਿਕਾਰੀਆਂ ਦੀ ਸੂਚਨਾ ਹੇਠ ਦਰਜ ਹੈ।**

4.1 ਉਮੀਦਵਾਰ ਜਿਹੜੇ ਪੰਜਾਬ ਰਾਜ ਵਿੱਚ ਰਹਿੰਦੇ ਹਨ:-ਪੰਜਾਬ ਸਰਕਾਰ/ਬੋਰਡ ਦੇ ਕਿਸੇ ਵੀ ਪ੍ਰਵਾਨਿਤ ਸੀਨੀਅਰ ਸੈਕੰਡਰੀ ਸਕੂਲ ਦੇ ਮੁੱਖੀ ਜਾਂ ਪੰਜਾਬ ਦੇ ਕਿਸੇ ਪ੍ਰਵਾਨਿਤ ਕਾਲਜ ਦੇ ਪ੍ਰਿੰਸੀਪਲ ਕੋਲੋਂ ਜਾਂ ਜਿਲ੍ਹਾ/ਮੰਡਲ ਜਾਂ ਰਾਜ ਦੇ ਸਿੱਖਿਆ ਵਿਭਾਗ ਦੇ ਕਿਸੇ ਉਚ-ਅਧਿਕਾਰੀ ਕੋਲੋਂ ਜਿਸ ਦਾ ਆਹੁਦਾ ਉਪ-ਜਿਲ੍ਹਾ ਸਿੱਖਿਆ ਅਫਸਰ ਤੋਂ ਘੱਟ ਨਾ ਹੋਵੇ ਜਾਂ ਬੋਰਡ ਦੇ ਕਿਸੇ ਅਧਿਕਾਰੀ ਤੋਂ ਜਿਸ ਦਾ ਆਹੁਦਾ ਸਹਾਇਕ ਸਕੱਤਰ ਤੋਂ ਘੱਟ ਨਾ ਹੋਵੇ ਜਾਂ ਬੋਰਡ ਦੇ ਕਿਸੇ ਮੈਂਬਰ ਤੋਂ।

4.2 ਉਮੀਦਵਾਰ ਜਿਹੜੇ ਪੰਜਾਬ ਰਾਜ ਤੋਂ ਬਾਹਰ ਰਹਿੰਦੇ ਹਨ:- **4.1** ਵਿੱਚ ਦਰਸਾਏ ਕਿਸੇ ਇੱਕ ਅਧਿਕਾਰੀ ਕੋਲੋਂ ਜਾਂ ਸਬੰਧਤ ਰਾਜ ਦੇ ਸਿੱਖਿਆ ਵਿਭਾਗ ਦੇ ਕਿਸੇ ਅਜਿਹੇ ਅਧਿਕਾਰੀ ਕੋਲੋਂ ਜਿਸ ਦਾ ਆਹੁਦਾ ਜਿਲ੍ਹਾ ਸਿੱਖਿਆ ਅਫਸਰ ਤੋਂ ਘੱਟ ਨਾ ਹੋਵੇ ਜਾਂ ਪਹਿਲੇ ਦਰਜੇ ਦਾ ਮੈਜਿਸਟ੍ਰੇਟ।

4.3 ਕੇਂਦਰੀ ਇਲਾਕਾ ਚੰਡੀਗੜ੍ਹ ਦੇ ਉਮੀਦਵਾਰ ਆਪਣਾ ਪਰੀਖਿਆ ਫਾਰਮ ਸਥਾਨਿਕ ਪ੍ਰਵਾਨਿਤ ਸੀਨੀਅਰ ਸੈਕੰਡਰੀ ਸਕੂਲ ਦੇ ਮੁਖੀ ਕੋਲੋਂ ਤਸਦੀਕ ਕਰਵਾ ਸਕਦੇ ਹਨ। ਜਾਂ

ਸਥਾਨਿਕ ਸਿੱਖਿਆ ਵਿਭਾਗ ਦੇ ਕਿਸੇ ਅਧਿਕਾਰੀ ਪਾਸੋਂ ਜਿਸਦਾ ਆਹੁਦਾ ਜਿਲ੍ਹਾ ਸਿੱਖਿਆ ਅਫਸਰ ਤੋਂ ਘੱਟ ਨਾ ਹੋਵੇ।

4.4 ਸੈਨਿਕ ਉਮੀਦਵਾਰ ਪ੍ਰੀਖਿਆ ਫਾਰਮ ਆਪਣੇ ਯੂਨਿਟ ਦੇ ਰੈਜੀਮੈਂਟ/ਕੰਪਨੀ ਅਫਸਰ ਤੋਂ ਤਸਦੀਕ ਕਰਵਾਉਣ। ਸੈਨਿਕ ਹੋਣ ਦਾ ਸਬੂਤ ਨਾਲ ਨੱਥੀ ਕੀਤਾ ਜਾਵੇ।

4.5 ਓਪਨ ਸਕੂਲ ਪ੍ਰਣਾਲੀ ਅਧੀਨ ਰੀ-ਅਪੀਅਰ ਵਾਲੇ ਉਮੀਦਵਾਰ ਆਪਣਾ ਪ੍ਰੀਖਿਆ ਫਾਰਮ ਉਸੇ ਅਧਿਐਨ ਕੇਂਦਰ ਤੋਂ ਤਸਦੀਕ ਕਰਵਾਉਣ ਜਿਸ ਰਾਹੀਂ ਉਹਨਾਂ ਨੇ ਪਹਿਲੀ ਵਾਰ ਪ੍ਰੀਖਿਆ ਦਿੱਤੀ ਸੀ ।

4.6 ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰੀਖਿਆਵਾਂ ਦੇ ਸਮੇਂ ਵਿੱਚ ਲੋੜ ਅਨੁਸਾਰ ਤਬਦੀਲੀ ਕੀਤੀ ਜਾਂ ਸਕਦੀ ਹੈ।

5. ਪ੍ਰੀਖਿਆ ਫਾਰਮ ਅਤੇ ਫੀਸ ਜਮ੍ਹਾਂ ਕਰਵਾਉਣ ਦਾ ਸ਼ਡਿਊਲ :

| **ਪ੍ਰੀਖਿਆ ਫੀਸ:- ਸੀਨੀਅਰ ਸੈਕੰਡਰੀ ਕੰਪਾਰਟਮੈਂਟ(ਰੈਗੂਲਰ)/ ਰੀ-ਅਪੀਅਰ (ਓਪਨ ਸਕੂਲ) / ਵਾਧੂ ਵਿਸ਼ੇ ਲਈ 1500/- ਰੁਪਏ** | **ਬਿਨਾਂ ਲੇਟ ਫੀਸ ਨਾਲ** | **1000/- ਰੁ: ਲੇਟ ਫੀਸ ਨਾਲ** | **2000 /- ਲੇਟ ਫੀਸ ਨਾਲ** |
|---|---|---|---|
| **ਫਾਰਮ ਭਰਨ ਅਤੇ ਚਲਾਨ ਜਨਰੇਟ ਕਰਨ ਦੀ ਅੰਤਿਮ ਮਿਤੀ** | **11-07-2023** | **17-07-2023** | **24/07/2023** |
| **ਬੈਂਕ ਵਿੱਚ ਫੀਸ / ਚਲਾਨ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ** | **14-07-2023** (ਖੇਤਰੀ ਦਫਤਰ) | **21-07-2023** (ਖੇਤਰੀ ਦਫਤਰ) | **28/07/2023** (ਖੇਤਰੀ ਦਫਤਰ) |

ਪ੍ਰੀਖਿਆ ਫੀਸ ਕੇਵਲ ਆਨ-ਲਾਈਨ ਗੇਟ ਵੇਅ, ਕਰੈਡਿਟ ਕਾਰਡ, ਡੈਬਿਟ ਕਾਰਡ ਅਤੇ ਨੈਟ ਬੈਂਕਿੰਗ ਰਾਹੀਂ ਜਮ੍ਹਾਂ ਹੋਵੇਗੀ, ਪ੍ਰੀਖਿਆ ਫੀਸ ਜਮ੍ਹਾਂ ਹੋਣ ਉਪਰੰਤ ਹੀ ਫਾਰਮ ਆਨ-ਲਾਈਨ ਪ੍ਰਿੰਟ ਕੀਤੇ ਜਾ ਸਕਣਗੇ ।

6. ਆਨਲਾਈਨ ਪ੍ਰੀਖਿਆ ਫਾਰਮ ਹੇਠ ਲਿਖੇ ਅਨੁਸਾਰ ਭਰਿਆ ਜਾਵੇ :-

6.1 ਬੋਰਡ ਦੀ ਵੈੱਬ ਸਾਈਟ www.pseb.ac.in ਨੂੰ ਖੋਲਿਆ ਜਾਵੇ ਅਤੇ ਇਸ ਉੱਪਰ ਦਿੱਤੇ ਹੋਏ Online Addmission Form ਸੈਕਸ਼ਨ ਤੇ ਕਲਿੱਕ ਕੀਤਾ ਜਾਵੇ।

6.2 Online Addmission Form ਸੈਕਸ਼ਨ ਅਧੀਨ ਆਪਣੀ ਸ਼੍ਰੇਣੀ ਅਤੇ ਕੈਟਾਗਰੀ ਨਾਲ ਸਬੰਧਤ ਲਿੰਕ ਤੇ ਕਲਿੱਕ ਕੀਤਾ ਜਾਵੇ।

6.3 ਕਲਿੱਕ ਕਰਨ ਉਪਰੰਤ ਫਾਰਮ ਭਰਨ ਲਈ ਆਨਲਾਈਨ ਐਪਲੀਕੇਸ਼ਨ ਖੁੱਲੇਗੀ। ਇਸ ਪੇਜ ਉੱਪਰ ਇੱਕ ਪਾਸੇ ਪ੍ਰਾਸਪੈਕਟ ਅਤੇ ਜਰੂਰੀ ਹਦਾਇਤਾਂ ਦਿੱਤੀਆਂ ਗਈਆਂ ਹਨ, ਇਹਨਾਂ ਨੂੰ ਫਾਰਮ ਭਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਪੜ੍ਹ ਲਿਆ ਜਾਵੇ ਅਤੇ ਦੂਸਰੇ ਪਾਸੇ ਹੇਠ ਲਿਖੇ 3 ਲਿੰਕ ਦਿੱਤੇ ਗਏ ਹਨ :-

**6.4 New User ? Click Here To Register**

ਜਿਸ ਵੀ ਪ੍ਰੀਖਿਆਰਥੀ ਨੇ ਫਾਰਮ ਭਰਨਾ ਹੈ, ਉਸ ਲਈ ਇੱਕ ਵਾਰੀ ਇਸ ਲਿੰਕ ਤੇ ਕਲਿੱਕ ਕਰਕੇ ਰਜਿਸਟਰ ਕਰਨਾ ਜਰੂਰੀ ਹੈ। ਰਜਿਸਟਰ ਕਰਨ ਲਈ ਸ਼੍ਰੇਣੀ, ਫਾਰਮ ਦੀ ਕੈਟਾਗਰੀ ਭਾਵ ਕੰਪਾਰਟਮੈਂਟ ਆਦਿ, ਸੈਸ਼ਨ, ਰੋਲ ਨੰਬਰ, ਈ. ਮੇਲ ਅਤੇ ਕੈਪਚਾ ਭਰਕੇ ਸਬਮਿਟ ਕੀਤਾ ਜਾਵੇ। ਸਬਮਿਟ ਕਰਨ ਉਪਰੰਤ ਫਾਰਮ ਖੁੱਲ ਜਾਵੇਗਾ, ਫਾਰਮ ਵਿੱਚ ਦਿੱਤੇ ਸਾਰੇ ਕਾਲਮ ਧਿਆਨ ਨਾਲ ਭਰੇ ਜਾਣ। ਉਸ ਫਾਰਮ ਉੱਪਰ ਇੱਕ ਰੈਫਰੈਂਸ ਨੰ. ਜਾਰੀ ਕੀਤਾ ਜਾਵੇਗਾ, ਉਸਨੂੰ ਨੋਟ ਕਰਕੇ ਰੱਖਣਾ ਯਕੀਨੀ ਬਣਾਇਆ ਜਾਵੇ। ਇੱਕ ਵਾਰ ਰਜਿਸਟਰ ਕਰਨ ਤੋਂ ਬਾਅਦ ਦੁਬਾਰਾ ਰਜਿਸਟਰ ਕਰਨ ਦੀ ਲੋੜ ਨਹੀਂ ਹੈ।

**6.5 If you have Registered & have Ref. No Click Here To Login**

ਜੋ ਪ੍ਰੀਖਿਆਰਥੀ ਰਜਿਸਟਰ ਕਰ ਚੁੱਕਾ ਹੈ ਅਤੇ ਉਸ ਕੋਲ ਰੈਫਰੈਂਸ ਨੰਬਰ ਹੈ ਤਾਂ ਇਸ ਲਿੰਕ ਕਰਕੇ ਲਾਗਇਨ ਕਰੇਗਾ ਅਤੇ ਉਸਦਾ ਫਾਰਮ ਖੁੱਲ ਜਾਵੇਗਾ। ਇਸ ਉਪਰੰਤ ਚਲਾਨ ਜਨਰੇਟ ਕੀਤਾ ਜਾਂ ਐਪਲੀਕੇਸ਼ਨ ਫਾਰਮ ਪ੍ਰਿੰਟ ਕੀਤਾ ਜਾ ਸਕਦਾ ਹੈ।

6.6 **Forgot Ref. No? Click Here**

ਇਹ ਲਿੰਕ ਉਹਨਾਂ ਪ੍ਰੀਖਿਆਰਥੀਆਂ ਲਈ ਹੈ, ਜਿੰਨਾਂ ਨੇ ਪਹਿਲੇ ਲਿੰਕ ਰਾਹੀਂ ਇੱਕ ਵਾਰੀ ਰਜਿਸਟਰ ਕਰ ਲਿਆ ਸੀ, ਪ੍ਰੰਤੂ ਉਹ ਆਪਣਾ ਰੈਫਰੈਂਸ ਨੰਬਰ ਭੁੱਲ ਗਏ ਹਨ। ਉਹ ਇਸ ਲਿੰਕ ਰਾਹੀਂ ਦਿੱਤੇ ਕਾਲਮਾਂ ਵਿੱਚ ਮੰਗੀ ਸੂਚਨਾਂ ਭਰ ਕੇ ਆਪਣਾ ਰੈਫਰੈਂਸ ਨੰਬਰ ਦੇਖ ਸਕਦੇ ਹਨ।

6.7 ਫਾਰਮ ਵਿੱਚ ਦਿੱਤੇ ਸਾਰੇ ਕਾਲਮ ਭਰਕੇ ਫਾਰਮ ਸੇਵ ਕਰ ਦਿੱਤਾ ਜਾਵੇ ਅਤੇ ਫਾਰਮ ਨੂੰ ਦੁਬਾਰਾ ਚੰਗੀ ਤਰ੍ਹਾਂ ਵਾਚਣ ਉਪਰੰਤ ਜਨਰੇਟ ਚਾਲਾਨ ਤੇ ਕਲਿੱਕ ਕੀਤਾ ਜਾਵੇ। ਚਲਾਨ ਜਨਰੇਟ ਹੋਣ ਉਪਰੰਤ ਫਾਰਮ ਵਿੱਚ ਭਰੇ ਵੇਰਵਿਆ ਵਿੱਚ ਕੋਈ ਵੀ ਸੋਧ ਨਹੀਂ ਕੀਤੀ ਜਾ ਸਕੇਗੀ। ਇਸ ਉਪਰੰਤ ਫੀਸ ਦਿੱਤੀ ਗਈ ਆਪਸ਼ਨ ਅਨੁਸਾਰ ਭਰੀ ਜਾਵੇਗੀ ।

6.8 ਪ੍ਰੀਖਿਆ ਫਾਰਮ ਪ੍ਰਿੰਟ ਕਰਵਾ ਕੇ ਸਕੂਲ ਤੋਂ ਤਸਦੀਕ ਕਰਵਾ ਕੇ ਸਮੇਤ ਚਲਾਨ ਦੀ ਕਾਪੀ ਲਗਾਉਣ ਉਪਰੰਤ ਸ਼ਡਿਊਲ ਮੁਤਾਬਕ ਜਿਲ੍ਹਾ ਖੇਤਰੀ ਦਫਤਰ ਜਾਂ ਮੁੱਖ ਦਫਤਰ, ਐੱਸ.ਏ.ਐੱਸ. ਨਗਰ ਵਿਖੇ ਜਮ੍ਹਾਂ ਕਰਵਾਇਆ ਜਾਵੇ।

6.9 ਪ੍ਰੀਖਿਆਰਥੀਆਂ ਦੇ ਰੋਲ ਨੰਬਰ ਬੋਰਡ ਦੀ ਵੈੱਬ ਸਾਈਟ ਤੋਂ ਸਿੱਧੇ ਤੌਰ ਤੇ ਰੋਲ ਨੰਬਰ ਸੈਕਸ਼ਨ ਅਧੀਨ ਦਿੱਤੇ ਲਿੰਕ ਤੇ ਜਾ ਕੇ ਡਾਊਨਲੋਡ ਕੀਤੇ ਜਾਣ।

7. ਉਮੀਦਵਾਰ ਕੇਵਲ ਤਹਿਸੀਲ/ਜਿਲਾ ਹੈਡਕੁਆਟਰ ਤੇ ਬਣੇ ਪਰੀਖਿਆ ਕੇਂਦਰ ਤੇ ਹੀ ਪਰੀਖਿਆ ਦੇਵੇਗਾ।